## 14 ਰਾਮ ਭਤਾਰ:

ਮੈ ਬਉਰੀ ਮੇਰਾ ਰਾਮੁ ਭਤਾਰੁ ॥

ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥

ਅਰਥ: ਮੇਰਾ ਗੁਰੂ (ਰਾਮ) ਮੇਰਾ ਪਤੀ ਹੈ, ਮੈਂ ਉਸਦੇ ਪ੍ਰੇਮ ਵਿਚ ਝਲੀ ਹਾਂ, ਉਸਨੂੰ ਖ਼ੁਸ਼ ਕਰਨ ਲਈ ਮੈਂ ਬਾਰਬਾਰ ਉਸਨੂੰ ਸਵਾਰਦੀ ਸ਼ਿੰਗਾਰਦੀ ਹਾਂ, ਭਾਵ ਉਹ ਗੁਣ ਧਾਰਣ ਕਰਦੀ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ।

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥

ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥

ਅਰਥ: ਲੋਕ ਭਾਵੇਂ ਮੈਨੂੰ ਮਾੜਾ ਆਖੀ ਜਾਣ। ਮੇਰਾ ਸਰੀਰ ਅਤੇ ਦਿਲ ਦੋਨੋ ਹੁਣ ਮੇਰੇ ਪਿਆਰੇ ਗੁਰੂ ਲਈ ਹੀ ਰਿਜ਼ਰਵ ਹਨ, ਸਿਰਫ਼ ਉਸ ਜੋਗੇ ਹੀ ਹਨ।

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥

ਰਸਨਾ ਰਾਮ ਰਸਾਇਨੁ ਪੀਜੈ ॥੨॥

ਅਰਥ: ਮੈਂ ਕਿਸੇ ਸ਼ੰਕੇ ਆਦਿ ਵਿਚ ਪੈ ਕੇ ਸਵਾਲ ਜਵਾਬ ਨਹੀਂ ਕਰਦੀ ਸਗੋਂ ਹਰ ਵੇਲੇ ਆਪਣੇ ਪਤੀ ਗੁਰੂ ਦੇ ਨਾਂ ਰੂਪੀ ਔਸ਼ਧੀ ਨੂੰ ਪੀਂਦੀ ਰਹਿੰਦੀ ਹਾਂ, ਭਾਵ ਉਸਦੀ ਯਾਦ ਹਿਰਦੇ ਵਿਚ ਵਸਾਈ ਰਖਦੀ ਹਾਂ।

## ਅਬ ਜੀਅ ਜਾਨਿ ਐਸੀ ਬਨਿ ਆਈ ॥

## ਮਿਲਉ ਗੁਪਾਲ ਨੀਸਾਨੁ ਬਜਾਈ ॥੩॥

ਅਰਥ: ਹੁਣ ਮੇਰਾ ਮੇਰੇ ਪਤੀ (ਗੁਰੂ) ਨਾਲ ਦਿਲੋ ਜਾਨ ਨਾਲ ਪ੍ਰੇਮ ਪੈ ਗਿਆ ਹੈ ਕਿ ਮੈਂ ਸ਼ਰੇਆਮ ਡੰਕੇ ਦੀ ਚੋਟ ਤੇ (ਬਿਨਾ ਝਾਕੇ ਦੇ) ਉਸ ਨਾਲ ਮਿਲਦੀ ਹਾਂ (ਭਾਵ, ਮੈਨੂੰ ਕਿਸੇ ਦੀ ਪਰਵਾਹ ਨਹੀਂ ਰਹੀ)॥

## ਉਸਤਤਿ ਨਿੰਦਾ ਕਰੈ ਨਰੁ ਕੋਈ ॥

## ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥

ਅਰਥ: ਜੋ ਕੋਈ ਮਨੁਖ ਵੀ ਮੈਨੂੰ ਚੰਗਾ ਬੁਰਾ ਕਹੀ ਜਾਵੇ (ਮੈਨੂੰ ਕੋਈ ਪਰਵਾਹ ਨਹੀਂ), ਭਗਤ ਨਾਮਦੇਵ ਜੀ ਫ਼ੁਰਮਾਣ ਕਰਦੇ ਹਨ ਕਿ ਮੇਰਾ ਤਾਂ ਮੇਰੇ ਪ੍ਰੀਤਮ ਨਾਲ ਮਿਲਾਪ ਹੋਈ ਜਾ ਰਿਹਾ ਹੈ ਅਤੇ ਮੈਂ ਉਸ ਵਿਚ ਸਮਾ ਗਈ ਹਾਂ।

Last modified: 2 Mar 2020